بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਰਯਾ ਰਜੀਅ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ, ਸਹਾਬੀਆਂ ਦੇ ਇਸ਼ਕ, ਵਫ਼ਾ ਅਤੇ ਕੁਰਬਾਨੀਆਂ ਦਾ ਜ਼ਿਕਰ

ਸੰਖੇਪ ਵਿਵਰਨ ਖ਼ੁਤਬਾ ਜੁਮ੍ਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ
ਅੱਯਾਦਹੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 17 ਅਪ੍ਰੈਲ 2024 ਮਸਜਿਦ ਮਬਾਰਕ, ਇਸਲਾਮਾਬਾਦ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ اَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسۡمِ اللّٰہِ الرَّحۡمٰنِ الرَّحِیۡمِ. اَلۡحَمۡدُ لِلّٰہِ رَبِّ الۡعٰلَمِیۡنَ. الرَّحۡمٰنِ الرَّحِیۡمِ. مٰلِکِ یَوۡمِ الدِّیۡنِ. اِیَّاکَ نَعۡبُدُ وَ اِیَّاکَ نَسۡتَعِیۡنُ. اِہۡدِنَا الصِّرَاطَ الۡمُسۡتَقِیۡمَ. صِرَاطَ الَّذِیۡنَ اَنۡعَمۡتَ عَلَیۡہِمۡ. غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਸਰਯਾ ਰਜੀਅ ਦਾ ਜ਼ਿਕਰ ਹੋ ਰਿਹਾ ਸੀ। ਇਸ ਦਾ ਹੋਰ ਵਿਸਥਾਰ ਹਦੀਸਾਂ ਅਤੇ ਇਤਿਹਾਸ ਵਿੱਚ ਜੋ ਬਿਆਨ ਹੋਇਆ ਹੈ, ਉਹ ਇੰਞ ਹੈ। ਸਹੀ ਬੁਖਾਰੀ ਵਿੱਚ ਰਜੀਅ ਦੇ ਕਿੱਸੇ ਸੰਬੰਧੀ ਲਿੱਖਿਆ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਦੱਸ ਆਦਮੀ ਸਰਯਾ ਵੱਜੋਂ ਹਾਲਾਤ ਪਤਾ ਕਰਨ ਲਈ ਭੇਜੇ ਅਤੇ ਉਹਨਾਂ ਉੱਤੇ ਹਜ਼ਰਤ ਆਸਿਮ ਬਿਨ ਸਾਬਤ ਅਨੰਸਾਰੀ ਨੂੰ ਅਮੀਰ ਬਣਾਇਆ। ਇਹਨਾਂ ਮੁਸਲਮਾਨਾਂ ਦਾ ਸਾਮ੍ਹਣਾ ਵਿਰੋਧੀ ਕਬੀਲਾ ਬਨੂ ਲਹਯਾਨ ਦੇ 200 ਤੀਰ ਚਲਾਉਣ ਵਾਲਿਆਂ ਨਾਲ ਹੋਇਆ। ਮੁਸਲਮਾਨਾਂ ਨੇ ਉਹਨਾਂ ਨੂੰ ਵੇਖ ਕੇ ਇੱਕ ਟੀਲੇ ਉੱਤੇ ਪਨਾਹ ਲਈ। ਵਿਰੋਧੀਆਂ ਨੇ ਉਹਨਾਂ ਨੂੰ ਪਨਾਹ ਦੇਣ ਅਤੇ ਕਤਲ ਨ ਕਰਨ ਦੇ ਵਿਸ਼ਵਾਸ ਦਿਲਾਉਂਦੇ ਹੋਏ ਥੱਲੇ ਆਉਣ ਨੂੰ ਕਿਹਾ। ਸਰਯਾ ਦੇ ਅਮੀਰ ਹਜ਼ਰਤ ਆਸਿਮ ਬਿਨ ਸਾਬਤ ਅਨੰਸਰੀ ਨੇ ਕਿਹਾ ਕਿ ਜਿੱਥੇ ਤੱਕ ਮੇਰਾ ਸੰਬੰਧ ਹੈ। ਮੈਂ ਕਿਸੇ ਕਾਫਰ ਦੀ ਪਨਾਹ ਵਿੱਚ ਥੱਲੇ ਨਹੀਂ ਆਵਾਂਗਾ। ਫਿਰ ਉਹਨਾਂ ਸਭ ਨੇ ਦੁਆ ਕੀਤੀ ਕਿ ਹੇ ਰੱਬ ਸਾਡੇ ਹਾਲਾਤ ਆਪਣੇ ਨਬੀ ਸੱਲਲਾਹੁ ਅਲੈਹਿ ਵੱਸਲਮ ਤੱਕ ਪਹੁੰਚਾ। ਕਾਫਰਾਂ ਨੇ ਉਹਨਾਂ ਉੱਤੇ ਤੀਰ ਚਲਾਏ ਅਤੇ ਹਜ਼ਰਤ ਆਸਿਮ ਦੇ ਨਾਲ ਹੋਰ 07 ਸਹਾਬੀਆਂ ਨੂੰ ਸ਼ਹੀਦ ਕਰ ਦਿੱਤਾ।

ਤਿੰਨ ਵਿਅਕਤੀ ਉਹਨਾਂ ਦੀ ਪਨਾਹ ਦੀ ਪੈਸ਼ਕਸ਼ ਉੱਤੇ ਉਤਰ ਆਏ। ਵਿਰੋਧੀਆਂ ਨੇ ਉਹਨਾਂ ਤਿੰਨਾਂ ਨੂੰ ਕਾਬੂ ਕਰ ਲਿਆ ਅਤੇ ਰੱਸੀਆਂ ਨਾਲ ਬੰਨ੍ਹ ਦਿੱਤਾ। ਇਹਨਾਂ ਤਿੰਨ੍ਹਾਂ ਵਿੱਚੋਂ ਇੱਕ ਸਹਾਬੀ ਹਜ਼ਰਤ ਅਬਦੁੱਲਾਹ ਬਿਨ ਤਾਰਿਕ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਇਹ ਪਹਿਲੀ ਗੱਦਾਰੀ ਹੈ, ਜੋ ਤੁਸੀਂ ਕੀਤੀ। ਰੱਬ ਦੀ ਸੌਂਹ ! ਮੈਂ ਤੁਹਾਡੇ ਨਾਲ ਨਹੀਂ ਜਾਵਾਂਗਾ। ਇਸ ਉੱਤੇ ਕਾਫਰਾਂ ਨੇ ਪਹਿਲਾਂ ਉਹਨਾਂ ਨੂੰ ਮਜਬੂਰ ਕੀਤਾ ਅਤੇ ਜੱਦ ਉਹ ਨ ਮੰਨੇ ਤਾਂ ਉਹਨਾਂ ਨੂੰ ਉੱਥੇ ਹੀ ਸ਼ਹੀਦ ਕਰ ਦਿੱਤਾ। ਦੋ ਸਹਾਬੀ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਜ਼ੈਦ ਬਿਨ ਦੱਸਨਾ ਰਜ਼ੀ ਅੱਲਾਹ ਅੰਨਹੁ ਬਾਕੀ ਬਚ ਗਏ। ਕਾਫਰਾਂ ਨੇ ਉਹਨਾਂ ਨੂੰ ਮੱਕੇ ਵਿੱਚ ਵੇਚ ਦਿੱਤਾ। ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਬਨੂ ਹਾਰਿਸ ਬਿਨ ਆਮਿਰ ਬਿਨ ਨੌਫਲ ਬਿਨ ਅਬਦੇ ਮਨਾਫ਼ ਨੇ ਖਰੀਦ ਲਿਆ। ਭਾਵੇਂ ਬੁਖਾਰੀ ਦੀ ਸਾਖੀ ਅਨੁਸਾਰ ਤਾਂ ਦੱਸ ਸਹਾਬੀਆਂ ਦੀ ਇਹ ਜਮਾਤ ਜਸੂਸੀ ਕਰਨ ਲਈ ਹੀ ਸੀ ਅਤੇ ਲੁਕਦੇ ਲੁਕਾਂਦੇ ਜਾ ਰਹੇ ਸਨ ਕਿ ਮਦੀਨਾ ਦੀ ਖਜੂਰ ਦੀ ਗਿੱਟਕ ਪਛਾਣ ਕੇ ਇੱਕ ਔਰਤ ਨੇ ਸ਼ੋਰ ਪਾ ਦਿੱਤਾ ਅਤੇ ਵਿਰੋਧੀ ਨੇ ਉਹਨਾਂ ਉੱਤੇ

ਹਮਲਾ ਕਰ ਦਿੱਤਾ। ਪਰ ਵਧੇਰੇ ਜੀਵਨੀਕਾਰ ਇਹ ਬਿਆਨ ਕਰਦੇ ਹਨ ਕਿ ਇਹ ਜਮਾਤ ਆਲੇ ਦੁਆਲੇ ਦੇ ਹਾਲਾਤਾਂ ਦੀ ਪੜ੍ਹਚੋਲ ਕਰਨ ਲਈ ਤਿਆਰ ਹੀ ਸਨ, ਹਾਲੇ ਗਏ ਨਹੀਂ ਸਨ ਕਿ ਆਉਣ ਵਾਲੇ ਵਫ਼ਦ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇਸ ਜਮਾਤ ਨੂੰ ਭੇਜ ਦਿੱਤਾ।

ਇਸ ਸੰਬੰਧੀ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੀ ਵੱਖੋ ਵੱਖ ਇਤਿਹਾਸ ਦੀਆਂ ਕਿਤਾਬਾਂ ਤੋਂ ਜੋ ਸਮਝਿਆ ਹੈ ਅਤੇ ਇਹੀ ਬਿਆਨ ਫ਼ਰਮਾਇਆ ਕਿ ਬੁਖਾਰੀ ਜਾਂ ਜੀਵਨੀ ਦੀਆਂ ਜਿਨ੍ਹਾਂ ਕਿਤਾਬਾਂ ਵਿੱਚ ਉਹਨਾਂ ਦੇ ਛੁੱਪ ਕੇ ਸਫ਼ਰ ਕਰਨ ਦਾ ਜ਼ਿਕਰ ਹੈ ਉਹ ਸਾਖੀ ਬਿਆਨ ਕਰਨ ਵਾਲਿਆਂ ਦੀ ਗਲਤੀ ਮਲੂਮ ਹੁੰਦੀ ਹੈ। ਕਿਉਂਕਿ ਹੁਣ ਇਸ ਜਮਾਤ ਨੂੰ ਛੁੱਪਣ ਦੀ ਲੋੜ੍ਹ ਨਹੀਂ ਸੀ। ਸਗੋਂ ਹੁਣ ਤਾਂ ਅੱਜ਼ਲ ਅਤੇ ਕਾਰਾ ਵਾਲੇ ਲੈ ਕੇ ਜਾ ਰਹੇ ਸਨ। ਹਾਂ, ਇਹ ਕਿਹਾ ਜਾ ਸਕਦਾ ਹੈ ਕਿ ਜੱਦ ਇਹ ਅਸਫ਼ਾਨ ਅਤੇ ਮੱਕੇ ਦੇ ਵਿਚਕਾਰ ਪਹੁੰਚੇ ਤਾਂ ਅੱਜ਼ਲ ਅਤੇ ਕਾਰਾਂ ਵਾਲਿਆਂ ਨੇ ਜੋ ਅਸਲ ਵਿੱਚ ਇੱਕ ਸਾਜ਼ਿਸ਼ ਦੇ ਹੇਠਾਂ ਉਹਨਾਂ ਲੋਕਾਂ ਨੂੰ ਲੈ ਕੇ ਆਏ ਸਨ। ਇੱਥੇ ਪਹੁੰਚ ਕੇ ਉਹਨਾਂ ਨੇ ਵਚਨ ਤੋੜ੍ਹ ਦਿੱਤਾ ਅਤੇ ਪਹਿਲਾਂ ਤੋਂ ਤੈਅ ਮਨਸੂਬੇ ਅਨੁਸਾਰ ਬਨੂ ਲਹਯਾਨ ਨੂੰ ਖਬਰ ਕਰ ਦਿੱਤੀ ਹੋਵੇਗੀ ਅਤੇ ਉਹ 200 ਜੰਗਜੂਆਂ ਨਾਲ ਉੱਥੇ ਪਹੁੰਚ ਗਏ

ਹਜ਼ਰਤ ਆਸਿਮ ਦੇ ਬਹਾਦਰੀ ਨਾਲ ਲੜ੍ਹ ਕੇ ਸ਼ਹੀਦ ਹੋਣ ਦਾ ਵੀ ਵਿਸਥਾਰ ਨਾਲ ਜ਼ਿਕਰ ਮਿਲਦਾ ਹੈ। ਆਪ ਰਜ਼ੀ ਅੱਲਾਹ ਅੰਨਹੁ ਪਹਿਲਾਂ ਤੀਰਾਂ ਨਾਲ ਵਿਰੋਧੀ ਦਾ ਮੁਕਾਬਲਾ ਕਰਦੇ ਰਹੇ। ਜੱਦ ਤੀਰ ਖਤਮ ਹੋ ਗਏ ਤਾਂ ਨੇਜ਼ੇ ਨਾਲ ਵਿਰੋਧੀ ਉੱਤੇ ਹਮਲਾ ਕਰਦੇ ਰਹੇ। ਜੱਦ ਨੇਜ਼ਾ ਵੀ ਟੁੱਟ ਗਿਆ ਅਤੇ ਕੇਵਲ ਤਲਵਾਰ ਬਾਕੀ ਰਹਿ ਗਈ ਤਾਂ ਤਲਵਾਰ ਨਾਲ ਵਿਰੋਧੀ ਦਾ ਮੁਕਾਬਲਾ ਕੀਤਾ ਅਤੇ ਜੱਦ ਆਪ ਨੂੰ ਆਪਣੀ ਸ਼ਹਾਦਤ ਦਾ ਯਕੀਨ ਹੋ ਗਿਆ ਤਾਂ ਆਪ ਰਜ਼ੀ ਅੱਲਾਹ ਅੰਨਹੁ ਨੂੰ ਆਪਣੇ ਨੰਗ ਦੀ ਚਿੰਤਾ ਹੋਈ। ਕਿਉਂਕਿ ਕਾਫਰ ਜਿਸ ਨੂੰ ਕਤਲ ਕਰਦੇ। ਉਸ ਦੀ ਲਾਸ਼ ਨੂੰ ਰੌਂਦਦੇ ਅਤੇ ਨੰਗਾ ਕਰ ਦਿੰਦੇ। ਆਪ ਰਜ਼ੀ ਅੱਲਾਹ ਅੰਨਹੁ ਨੇ ਰੱਬ ਅੱਗੇ ਅਰਦਾਸ ਕੀਤੀ ਕਿ ਹੇ ਰੱਬਾ! ਮੈਂ ਦਿਨ ਦੇ ਪਹਿਲੇ ਹਿੱਸੇ ਵਿੱਚ ਤੇਰੇ ਧਰਮ ਦੀ ਰਾਖੀ ਕੀਤੀ ਹੈ। ਸੋ, ਦਿਨ ਦੇ ਦੂਜੇ ਹਿੱਸੇ ਵਿੱਚ ਤੂੰ ਮੇਰੇ ਨੰਗ ਦੀ ਰਾਖੀ ਕਰੀਂ। ਇਸ ਦੇ ਬਾਦ ਆਪ ਰਜ਼ੀ ਅੱਲਾਹ ਅੰਨਹੁ ਸ਼ਹੀਦ ਹੋ ਗਏ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਇਸ ਕਿੱਸੇ ਦਾ ਜ਼ਿਕਰ ਕਰਦੇ ਹੋਏ ਲਿੱਖਿਆ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਫ਼ਰ 04 ਹਿਜਰੀ ਵਿੱਚ ਆਪਣੇ ਦੱਸ ਸਾਥੀਆਂ ਦੀ ਇੱਕ ਜਮਾਤ ਤਿਆਰ ਕੀਤੀ ਅਤੇ ਉਹਨਾਂ ਉੱਤੇ ਆਸਿਮ ਬਿਨ ਸਾਬਤ ਰਜ਼ੀ ਅੱਲਾਹ ਅੰਨਹੁ ਨੂੰ ਅਮੀਰ ਬਣਾਇਆ ਅਤੇ ਉਹਨਾਂ ਨੂੰ ਇਹ ਆਦੇਸ਼ ਦਿੱਤਾ ਕਿ ਲੁਕਦੇ ਲੁਕਾਂਦੇ ਮੱਕੇ ਦੇ ਨੇੜ੍ਹੇ ਜਾਂ ਕੇ ਕੁਰੇਸ਼ ਦੇ ਹਾਲਾਤ ਪਤਾ ਕਰੋ ਅਤੇ ਆ ਕੇ ਮੈਨੂੰ ਇਸ ਦੀ ਖਬਰ ਦਿਓ।

ਹਜ਼ਰਤ ਆਸਿਮ ਰਜ਼ੀ ਅੱਲਾਹ ਅੰਨਹੁ ਨੇ ਕਿਉਂਕਿ ਇੱਕ ਬਹੁਤ ਵੱਡੇ ਮੁਸ਼ਰਿਕ ਸਰਦਾਰ ਨੂੰ ਕਤਲ ਕੀਤਾ ਸੀ। ਇਸ ਲਈ ਜੱਦ ਕੁਰੇਸ਼ ਨੂੰ ਇਹ ਖਬਰ ਮਿਲੀ ਕਿ ਸ਼ਹੀਦ ਹੋਣ ਵਾਲਿਆਂ ਵਿੱਚ ਆਸਿਮ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਵੀ ਸ਼ਾਮਿਲ ਹਨ ਤਾਂ ਉਹਨਾਂ ਨੇ ਹਜ਼ਰਤ ਆਸਿਮ ਰਜ਼ੀ ਅੱਲਾਹ ਅੰਨਹੁ ਦਾ ਸਿਰ ਜਾਂ ਸ਼ਰੀਰ ਦਾ ਕੋਈ ਹੋਰ ਅੰਗ ਲੈਣ ਲਈ ਕੁੱਝ ਲੋਕ ਭੇਜੇ। ਹਜ਼ਰਤ ਆਸਿਮ ਰਜ਼ੀ ਅੱਲਾਹ ਅੰਨਹੁ ਨੇ ਜਿਸ ਸਰਦਾਰ ਨੂੰ ਕਤਲ ਕੀਤਾ ਸੀ। ਉਸ ਦੀ ਮਾਂ ਨੇ ਇਹ ਪ੍ਰਣ ਲਿਆ ਸੀ ਕਿ ਮੈਂ ਆਪਣੇ ਬੇਟੇ ਦੇ ਕਾਤਲ ਦੀ ਖੋਪੜ੍ਹੀ ਵਿੱਚ ਸ਼ਰਾਬ ਪਾ ਕੇ ਪਿਆਂਗੀ। ਪਰ ਰੱਬ ਦਾ ਕਰਨਾ ਅਜਿਹਾ ਹੋਇਆ ਕਿ ਜੱਦ ਇਹ ਲੋਕ ਹਜ਼ਰਤ ਆਸਿਮ ਰਜ਼ੀ ਅੱਲਾਹ ਅੰਨਹੁ ਦੀ

ਲੋਥ ਦੇ ਨੇੜ੍ਹੇ ਪਹੁੰਚੇ ਤਾਂ ਵੇਖਿਆ ਕਿ ਉਹਨਾਂ ਦੀ ਲੋਥ ਉੱਤੇ ਭੂੰਡਾਂ ਅਤੇ ਸ਼ਹਿਦ ਦੀ ਮੱਖੀਆਂ ਨੇ ਡੇਰੇ ਪਾ ਲਏ ਹਨ। ਉਹਨਾਂ ਨੇ ਮੱਖੀਆਂ ਅਤੇ ਭੂੰਡਾਂ ਨੂੰ ਹਟਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਪਰ ਹਟਾ ਨਹੀਂ ਸਕੇ। ਅੰਤ ਹਾਰ ਕੇ ਉਹ ਲੋਕ ਅਸਫਲ ਪਰਤ ਗਏ। ਉਸ ਦੇ ਬਾਦ ਛੇਤੀ ਹੀ ਮੀਂਹ ਦਾ ਹੜ੍ਹ ਆਇਆ ਅਤੇ ਆਸਿਮ ਦੀ ਲੋਥ ਨੂੰ ਉੱਥੋਂ ਬਹਾ ਕੇ ਕਿੱਥੇ ਦਾ ਕਿੱਥੇ ਲੈ ਗਿਆ।

ਹਜ਼ਰਤ ਆਸਿਮ ਰਜ਼ੀ ਅੱਲਾਹ ਅੰਨਹੁ ਜੱਦ ਮੁਸਲਮਾਨ ਹੋਏ ਸਨ ਤਾਂ ਉਹਨਾਂ ਨੇ ਸੌਂਹ ਖਾਦੀ ਸੀ ਕਿ ਅੱਗੇ ਤੋਂ ਹਰ ਮੁਸ਼ਰਿਕਾਂ ਵਾਲੀ ਰਸਮ ਤੋਂ ਦੂਰ ਰਹਿਣਗੇ। ਇੱਥੇ ਤੱਕ ਕਿ ਕਦੇ ਕਿਸੇ ਕਾਫਰ ਨੂੰ ਹੱਥ ਵੀ ਨਹੀਂ ਲਾਉਣਗੇ। ਜੱਦ ਹਜ਼ਰਤ ਉਮਰ ਫਾਰੂਕ ਰਜ਼ੀ ਅੱਲਾਹ ਅੰਨਹੁ ਨੂੰ ਆਸਿਮ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਅਤੇ ਇਸ ਸਾਰੇ ਮਾਮਲੇ ਦਾ ਇਲਮ ਹੋਇਆ ਤਾਂ ਉਹਨਾਂ ਨੇ ਫ਼ਰਮਾਇਆ ਕਿ ਰੱਬ ਆਪਣੇ ਬੰਦੇ ਦੇ ਅਹਦ ਦਾ ਕਿਹੋ ਜਿਹਾ ਖਿਆਲ ਰੱਖਦਾ ਹੈ। ਆਸਿਮ ਰਜ਼ੀ ਅੱਲਾਹ ਅੰਨਹੁ ਨੇ ਸੌਂਹ ਖਾਦੀ ਸੀ ਕਿ ਕਦੇ ਕਿਸੇ ਕਾਫਰ ਨੂੰ ਹੱਥ ਨਹੀਂ ਲਾਵਾਂਗਾ ਅਤੇ ਰੱਬ ਨੇ ਮੌਤ ਦੇ ਬਾਦ ਵੀ ਉਸ ਦੀ ਇਸ ਸੌਂਹ ਦਾ ਖਿਆਲ ਰੱਖਿਆ ਅਤੇ ਕਾਫਰਾਂ ਨੂੰ ਉਸ ਨੂੰ ਛੂਹਣ ਨ ਦਿੱਤਾ।

ਬਾਕੀ ਸਹਾਬੀ ਵੀ ਬਹੁਤ ਬਹਾਦਰੀ ਨਾਲ ਲੜ੍ਹਦੇ ਲੜ੍ਹਦੇ ਸ਼ਹੀਦ ਹੋਏ ਅਤੇ ਅੰਤ ਵਿੱਚ ਤਿੰਨ ਸਹਾਬੀ ਬਾਕੀ ਰਹਿ ਗਏ। ਜਿਨ੍ਹਾਂ ਵਿੱਚ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ, ਹਜ਼ਰਤ ਜ਼ੈਦ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਤਾਰਿਕ ਰਜ਼ੀ ਅੱਲਾਹ ਅੰਨਹੁ ਸ਼ਾਮਿਲ ਸਨ। ਵਿਰੋਧੀਆਂ ਨੇ ਉਹਨਾਂ ਨੂੰ ਪਹਿਲਾਂ ਵਚਨ ਦਿੱਤਾ ਕਿ ਉਹ ਉਹਨਾਂ ਨੂੰ ਕੁੱਝ ਨਹੀਂ ਕਹਿਣਗੇ ਅਤੇ ਜੱਦ ਉਹਨਾਂ ਨੇ ਆਪਣੇ ਆਪ ਨੂੰ ਉਹਨਾਂ ਦੇ ਹਵਾਲੇ ਕਰ ਦਿੱਤਾ ਤਾਂ ਕਾਫਰਾਂ ਨੇ ਆਪਣਾ ਵਚਨ ਤੋੜ੍ਹ ਦਿੱਤਾ। ਅਬਦੁੱਲਾਹ ਬਿਨ ਤਾਰਿਕ ਦੀ ਸ਼ਹਾਦਤ ਦੇ ਬਾਦ ਉਹਨਾਂ ਵਿਰੋਧੀਆਂ ਨੇ ਲਾਲਚ ਵਿੱਚ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਅਤੇ ਇਬਨੇ ਦੱਸਨਾ ਰਜ਼ੀ ਅੱਲਾਹ ਅੰਨਹੁ ਨੂੰ ਮੱਕੇ ਵਿੱਚ ਵੇਚ ਦਿੱਤਾ। ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੂੰ ਹਾਰਿਸ ਬਿਨ ਆਮਿਰ ਬਿਨ ਨੌਫਲ ਦੇ ਮੁੰਡਿਆਂ ਨੇ ਖਰੀਦ ਲਿਆ। ਕਿਉਂਕਿ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਬਦਰ ਦੀ ਜੰਗ ਵਿੱਚ ਹਾਰਿਸ ਨੂੰ ਕਤਲ ਕੀਤਾ ਸੀ। ਜੱਦ ਕਿ ਜ਼ੈਦ ਬਿਨ ਦੱਸਨਾ ਰਜ਼ੀ ਅੱਲਾਹ ਅੰਨਹੁ ਨੂੰ ਸਫ਼ਵਾਨ ਬਿਨ ਉਮਯਾ ਨੇ ਖਰੀਦ ਲਿਆ।

ਜੱਦ ਹਜ਼ਰਤ ਜ਼ੈਦ ਬਿਨ ਦੱਸਨਾ ਰਜ਼ੀ ਅੱਲਾਹ ਅੰਨਹੁ ਨੂੰ ਸ਼ਹੀਦ ਕਰਨ ਲਈ ਲੈ ਕੇ ਆਏ ਤਾਂ ਅਬੂ ਸੁਫ਼ਯਾਨ ਬਿਨ ਹਰਬ ਨੇ ਉਹਨਾਂ ਨੂੰ ਕਿਹਾ ਕਿ ਹੇ ਜ਼ੈਦ ! ਮੈਂ ਤੁਹਾਨੂੰ ਰੱਬ ਦੀ ਸੌਂਹ ਦੇਣਾ। ਕੀ ਤੂੰ ਇਹ ਪਸੰਦ ਕਰਨਾ ਕਿ ਤੇਰੀ ਥਾਂ ਸਾਡੇ ਕੋਲ੍ਹ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਹੋਵੇ ਅਤੇ ਅਸੀਂ ਤੇਰੀ ਥਾਂ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਦੀ ਗਰਦਨ ਮਾਰ ਰਹੇ ਹੋਣ ਅਤੇ ਤੂੰ ਆਪਣੇ ਪਰਿਵਾਰ ਨਾਲ ਰਹੇ। ਹਜ਼ਰਤ ਜ਼ੈਦ ਨੇ ਕਿਹਾ ਕਿ ਰੱਬ ਦੀ ਸੌਂਹ ! ਮੈਨੂੰ ਇਨ੍ਹਾਂ ਵੀ ਪਸੰਦ ਨਹੀਂ ਕਿ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਇਸ ਸਮੇਂ ਜਿਸ ਘਰ ਵਿੱਚ ਹਨ। ਉੱਥੇ ਉਹਨਾਂ ਨੂੰ ਕੰਡਾ ਵੀ ਚੁੱਭੇ ਅਤੇ ਉਹ ਉਹਨਾਂ ਨੂੰ ਤਕਲੀਫ ਦੇਵੇ ਅਤੇ ਮੈਂ ਆਪਣੇ ਪਰਿਵਾਰ ਨਾਲ ਰਹਾਂ। ਇਸ ਉੱਤੇ ਅਬੂ ਸੁਫ਼ਯਾਨ ਨੇ ਕਿਹਾ ਕਿ ਮੈਂ ਲੋਕਾਂ ਵਿੱਚੋਂ ਕਿਸੇ ਨੂੰ ਨਹੀਂ ਵੇਖਿਆ ਕਿ ਉਹ ਕਿਸੇ ਨਾਲ ਅਜਿਹਾ ਪ੍ਰੇਮ ਕਰਦਾ ਹੋਵੇ ਜਿਹੋ ਜਿਹਾ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਦੇ ਸਾਥੀ ਮੁਹੱਮਦ (ਸੱਲਲਾਹੁ ਅਲੈਹਿ ਵੱਸਲਮ) ਨਾਲ ਪ੍ਰੇਮ ਕਰਦੇ ਹਨ। ਫਿਰ ਹਜ਼ਰਤ ਜ਼ੈਦ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਬਨੇ ਅੱਕੂਅ ਨੇ ਜ਼ਿਕਰ ਕੀਤਾ ਹੈ ਕਿ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਅਤੇ ਜ਼ੈਦ ਰਜ਼ੀ ਅੱਲਾਹ ਅੰਨਹੁ ਦੋਵੇਂ ਇੱਕ ਹੀ ਦਿਨ ਸ਼ਹੀਦ ਕੀਤੇ ਗਏ। ਜਿਸ ਦਿਨ ਇਹ ਦੋਵੇਂ ਸ਼ਹੀਦ ਹੋਏ। ਉਸ ਦਿਨ ਸੁਣਿਆ ਗਿਆ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਫਰਮ ਰਹੇ ਸਨ ਕਿ ਅਲੈਕੁਮੁਸੱਲਾਮ ਅਰਥਾਤ ਤੁਹਾਡੇ ਦੋਵਾਂ ਉੱਤੇ ਸਲਾਮਤੀ ਹੋਵੇ।

ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨਾਲ ਹਾਰਿਸ ਦੇ ਮੁੰਡਿਆਂ ਨੇ ਬਹੁਤ ਮਾੜਾ ਸਲੂਕ ਕੀਤਾ। ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਉਹਨਾਂ ਨੂੰ ਕਿਹਾ ਕਿ ਕੋਈ ਮਾਣਯੋਗ ਕੌਮ ਕਦੇ ਵੀ ਆਪਣੇ ਕੈਦੀਆਂ ਨਾਲ ਇਹੋ ਜਿਹਾ ਸਲੂਕ ਨਹੀਂ ਕਰਦੀ। ਕਾਫਰਾਂ ਉੱਤੇ ਇਸ ਗੱਲ੍ਹ ਦਾ ਪ੍ਰਭਾਵ ਹੋਇਆ ਅਤੇ ਉਹਨਾਂ ਨੇ ਉਸ ਦੇ ਬਾਦ ਉਹਨਾਂ ਨਾਲ ਚੰਗਾ ਸਲੂਕ ਕਰਨਾ ਸ਼ੁਰੂ ਕਰ ਦਿੱਤਾ। ਜੱਦ ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਕੈਦ ਵਿੱਚ ਸਨ ਤਾਂ ਇੱਕ ਦਿਨ ਇੱਕ ਬੱਚਾ ਉਹਨਾਂ ਕੋਲ੍ਹ ਆਇਆ। ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਦੇ ਹੱਥ ਵਿੱਚ ਉਸ ਸਮੇਂ ਉਸਤਰਾ ਸੀ। ਆਪ ਰਜੀ ਅੱਲਾਹ ਅੰਨਹੁ ਨੇ ਉਸ ਬੱਚੇ ਨੂੰ ਲੈ ਲਿਆ। ਇਹ ਵੇਖ ਕਿ ਉਸ ਦੀ ਮਾਂ ਡਰ ਗਈ ਕਿ ਕਿੱਥੇ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਉਸ ਨੂੰ ਕਤਲ ਨ ਕਰਦੇ। ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਉਸ ਔਰਤ ਦੇ ਚਿਹਰੇ ਉੱਤੇ ਡਰ ਨੂੰ ਮਹਿਸੂਸ ਕਰ ਲਿਆ ਅਤੇ ਕਿਹਾ ਕਿ ਤੂੰ ਡਰਦੀ ਆ ਕਿ ਮੈਂ ਇਸ ਬੱਚੇ ਨੂੰ ਕਤਲ ਨ ਕਰ ਦਿਆਂ ? ਰੱਬ ਦੀ ਸੌਂਹ ! ਮੈਂ ਤਾਂ ਇੰਝ ਨਹੀਂ ਕਰਾਂਗਾ।

ਉਹ ਔਰਤ ਕਿਹਾ ਕਰਦੀ ਸੀ ਕਿ ਮੈਂ ਕਦੇ ਅਜਿਹਾ ਕੈਦੀ ਨਹੀਂ ਵੇਖਿਆ ਜੋ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਤੋਂ ਚੰਗਾ ਹੋਵੇ। ਮੈਂ ਇੱਕ ਦਿਨ ਉਹਨਾਂ ਨੂੰ ਵੇਖਿਆ ਸੀ ਕਿ ਅੰਗੂਰ ਦਾ ਗੁੱਛਾ ਉਹਨਾਂ ਦੇ ਹੱਥ ਵਿੱਚ ਸੀ ਅਤੇ ਉਹ ਉਸ ਨੂੰ ਖਾ ਰਹੇ ਸਨ ਅਤੇ ਉਹ ਜ਼ੰਜੀਰ ਵਿੱਚ ਜਕੜ੍ਹੇ ਹੋਏ ਸਨ ਅਤੇ ਉਹਨਾਂ ਦਿਨਾਂ ਵਿੱਚ ਮੱਕੇ ਵਿੱਚ ਕੋਈ ਵੀ ਫ਼ਲ ਨਹੀਂ ਸੀ। ਇਹ ਰੱਬ ਵਲ੍ਹੋਂ ਰਿਜ਼ਕ ਸੀ। ਜੋ ਉਸ ਨੇ ਖ਼ੁੱਬੇਬ ਰਜ਼ੀ ਅੱਲਾਹ ਅਨਹੁ ਨੂੰ ਦਿੱਤਾ।

ਜੱਦ ਕੁਰੇਸ਼ ਉਹਨਾਂ ਨੂੰ ਸ਼ਹੀਦ ਕਰਨ ਲਈ ਹਰਮ ਵਿੱਚੋਂ ਬਾਹਰ ਲੈ ਗਏ ਤਾਂ ਉਹਨਾਂ ਨੇ ਦੋ ਰਕਅਤ ਨਮਾਜ਼ ਪੜ੍ਹਨ ਦੀ ਆਗਿਆ ਮੰਗੀ। ਉਹਨਾਂ ਨੇ ਉਹਨਾਂ ਨੂੰ ਆਗਿਆ ਦੇ ਦਿੱਤੀ। ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਨਮਾਜ਼ ਪੜ੍ਹੀ ਅਤੇ ਕਿਹਾ ਕਿ ਮੈਂ ਨੇ ਇਸ ਖਿਆਲ ਨਾਲ ਕਿ ਤੁਸੀਂ ਕਹਿਣਾ ਕਿ ਮੈਂ ਡਰ ਕੇ ਦੇਰ ਕੀਤੀ ਆ। ਇਹ ਨਮਾਜ਼ ਛੋਟੀ ਪੜ੍ਹੀ ਹੈ। ਫਿਰ ਉਹਨਾਂ ਨੇ ਆਪਣੇ ਰੱਬ ਤੋਂ ਦੁਆ ਮੰਗੀ ਅਤੇ ਇਹ ਕਿਹਾ ਕਿ ਹੇ ਰੱਬ ! ਇਹਨਾਂ ਵਿਰੋਧੀਆਂ ਨੂੰ ਇੱਕ ਇੱਕ ਕਰਕੇ ਹਲਾਕ ਕਰਦੇ। ਹਜ਼ਰਤ ਖ਼ੁੱਬੇਬ ਰਜ਼ੀ ਅੱਲਾਹ ਅੰਨਹੁ ਨੇ ਇਹ ਸਤਰਾਂ ਵੀ ਪੜ੍ਹਿਆਂ ਕਿ ਜੱਦ ਮੈਂ ਮੁਸਲਮਾਨ ਹੋਣ ਦੀ ਹਾਲਤ ਵਿੱਚ ਮਾਰਾ ਜਾ ਰਿਹਾ ਹਾਂ ਤਾਂ ਮੈਨੂੰ ਚਿੰਤਾ ਨਹੀਂ ਕਿ ਕਿਸ ਕਰਵਟ ਰੱਬ ਲਈ ਡਿਗਾਂਗਾ ਅਤੇ ਮੇਰਾ ਇਹ ਡਿੱਗਣਾ ਰੱਬ ਲਈ ਹੈ ਅਤੇ ਜੇਕਰ ਉਹ ਚਾਹੇ ਤਾਂ ਟੁਕੜ੍ਹੇ ਕੀਤੇ ਹੋਏ ਸ਼ਰੀਰ ਦੇ ਜੋੜਾਂ ਨੂੰ ਬਰਕਤ ਦੇ ਸਕਦਾ ਹੈ। ਉਸ ਦੇ ਬਾਦ ਕਾਫਰਾਂ ਨੇ ਆਪ ਰਜ਼ੀ ਅੱਲਾਹ ਅੰਨਹੁ ਨੂੰ ਬਹੁਤ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹਨਾਂ ਲੋਕਾਂ ਦੀ ਇਹ ਮੌਤ ਪ੍ਰਤੀ ਬੇਖ਼ੌਫ਼ੀ ਸੀ, ਕੁਰਬਾਨੀਆਂ ਸਨ। ਇਹ ਸਹਾਬੀ ਇਸਲਾਮ ਲਈ ਹਰ ਸਮੇਂ ਜਾਨ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣ ਵਾਲੇ ਸਨ।

ਇਸ ਸਰਯਾ ਦਾ ਹਾਲੇ ਹੋਰ ਜ਼ਿਕਰ ਹੈ। ਜੋ ਅੱਗੇ ਬਿਆਨ ਕਰਾਂਗਾ। ਇੰਸ਼ਾ-ਅੱਲਾਹ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ